بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in　　ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਪੇਸ਼ਗੋਈ ਮੁਸਲਿਹ ਮੌਊਦ ਦੇ ਹਵਾਲੇ ਨਾਲ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਦੇ ਭਿੰਨ ਭਿੰਨ ਦੁਨਿਆਵੀ ਮੁੱਦਿਆਂ ‘ਤੇ ਲੈਕਚਰਾਂ ਅਤੇ ਭਾਸ਼ਣਾਂ ਦਾ ਪਰਿਚੇ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 21 ਫ਼ਰਵਰੀ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਕੱਲ 20 ਫ਼ਰਵਰੀ ਸੀ, ਇਹ ਦਿਨ ਜਮਾਤ ਵਿੱਚ ਪੇਸ਼ਗੋਈ ਮੁਸਲਿਹ ਮੌਊਦ ਦੇ ਹਵਾਲੇ ਨਾਲ ਮਨਾਇਆ ਜਾਂਦਾ ਹੈ, ਇਸ ਦਿਨ ਜਾਂ ਇਸ ਦਿਨ ਦੇ ਹਵਾਲੇ ਨਾਲ ਇਨ੍ਹਾਂ ਦਿਨਾਂ ਵਿੱਚ ਅੱਗੇ ਪਿੱਛੇ ਪੇਸ਼ਗੋਈ ਮੁਸਲਿਹ ਮੌਊਦ ਦੇ ਜਮਾਤਾਂ ਵਿੱਚ ਜਲਸੇ ਵੀ ਹੁੰਦੇ ਹਨ। ਇਹ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਦੀ ਇੱਕ ਲੰਮੀ ਭਵਿੱਖ ਬਾਣੀ ਹੈ, ਜਿਸ ਵਿੱਚ ਇੱਕ ਬੇਟੇ ਦੀ ਪੈਦਾਇਸ਼ ਅਤੇ ਉਸਦੀ ਖ਼ਾਸੀਅਤਾਂ ਦਾ ਜ਼ਿਕਰ ਹੈ, 20 ਫ਼ਰਵਰੀ 1886 ਈ: ਨੂੰ ਇਸ ਨੂੰ ਇਸ਼ਤਿਹਾਰ ਦੀ ਸੂਰਤ ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਇਸ ਭਵਿੱਖ ਬਾਣੀ ਵਿੱਚ ਲੜਕੇ ਦੀਆਂ ਖ਼ਾਸੀਅਤਾਂ ਦੇ ਬਾਰੇ ਇਲਹਾਮੀ ਸ਼ਬਦਾਂ ਦਾ ਇੱਕ ਹਿੱਸਾ ਇਸ ਤਰ੍ਹਾਂ ਹੈ ਕਿ ਉਹ ਅਤਿ ਅੰਤ ਬੁੱਧੀਮਾਨ ਅਤੇ ਸੂਝਵਾਨ ਹੋਵੇਗਾ ਅਤੇ ਫਿਰ ਇਹ ਕਿ ਉਹ ਅੰਦਰੂਨੀ ਅਤੇ ਬਾਹਰੀ ਗਿਆਨ ਨਾਲ ਭਰ ਦਿੱਤਾ ਜਾਵੇਗਾ। ਅੱਲਾਹ ਤਆਲਾ ਨੇ ਉਸ ਦੇ ਮੁਤਾਬਿਕ਼ ਹਜ਼ਰਤ ਮਸੀਹ ਮੌਊਦ ਅਲੈਹਿਸ ਸਲਾਮ ਨੂੰ ਬੇਟਾ ਅਤਾ ਕੀਤਾ, ਜਿਹੜਾ ਇਹ ਖ਼ਾਸੀਅਤਾਂ ਆਪਣੇ ਅੰਦਰ ਰੱਖਣ ਵਾਲਾ ਸੀ, ਜਿਨ੍ਹਾਂ ਦਾ ਨਾਂ ਬਸ਼ੀਰੁੱਦੀਨ ਮਹਿਮੂਦ ਅਹਿਮਦ ਹੈ, ਉਨ੍ਹਾਂ ਨੂੰ ਮੁਸਲਿਹ ਮੌਊਦ ਵੀ ਕਿਹਾ ਜਾਂਦਾ ਹੈ।

ਜਿਵੇਂ ਕਿ ਭਵਿੱਖ ਬਾਣੀ ਦੇ ਅਲਫ਼ਾਜ਼ ਹਨ ਕਿ ਉਹ ਲੜਕਾ ਅੰਦਰੂਨੀ ਅਤੇ ਬਾਹਰੀ ਗਿਆਨ ਨਾਲ ਭਰ ਦਿੱਤਾ ਜਾਵੇਗਾ, ਖ਼ੁਦਾ ਤਆਲਾ ਨੇ ਆਪ ਉਨ੍ਹਾਂ ਦੀ ਬੁੱਧੀਮਤਾ ਨੂੰ ਚਮਕਾਇਆ ਅਤੇ ਗਿਆਨ ਨਾਲ ਭਰ ਦਿੱਤਾ। ਦੁਨਿਆਵੀ ਵਿਸ਼ਿਆਂ ਵਿੱਚ ਆਪ ਰਜ਼ਿ ਅੱਲਾਹੁ ਅਨਹੁ ਬਹੁਤ ਕਮਜ਼ੋਰ ਸਨ, ਪਰ ਅੱਲਾਹ ਤਆਲਾ ਨੇ ਆਪ ਰਜ਼ਿ ਅੱਲਾਹੁ ਅਨਹੁ ਨਾਲ ਇਲਮੀ, ਦੀਨੀ ਅਤੇ ਪ੍ਰਬੰਧਕ ਕੰਮ ਅਜਿਹੇ ਕਰਵਾਏ ਹਨ ਕਿ ਵੱਡੇ ਵੱਡੇ ਪੜ੍ਹੇ ਲਿਖੇ ਵੀ ਆਪ ਰਜ਼ਿ ਅੱਲਾਹੁ ਅਨਹੁ ਦੇ ਸਾਹਮਣੇ ਬੱਚੇ ਲੱਗਦੇ ਹਨ। ਅਤੇ ਆਪ ਦਾ 52 ਸਾਲਾ ਦੌਰਿ ਖ਼ਿਲਾਫ਼ਤ ਇਸ ਦਾ ਮੂੰਹ ਬੋਲਦਾ ਸਬੂਤ ਹੈ। ਆਪ ਰਜ਼ਿ ਅੱਲਾਹੁ ਅਨਹੁ ਨੇ ਦੁਨੀਆ ਦੇ ਵੱਖ ਵੱਖ ਵਿਸ਼ਿਆਂ ‘ਤੇ ਬੇਸ਼ੁਮਾਰ ਭਾਸ਼ਣ ਦਿੱਤੇ, ਲੇਖ ਲਿਖੇ। ਦੀਨੀ ਅਤੇ ਕ਼ੁਰਆਨੀ ਗਿਆਨ ਦੀ ਤਾਂ ਕੋਈ ਇੰਤਿਹਾ ਨਹੀਂ ਹੈ। ਆਪ ਰਜ਼ਿ ਅੱਲਾਹੁ ਅਨਹੁ ਨੇ ਦੁਨਿਆਵੀ ਵਿਸ਼ੇ, ਮੁਲਕੀ ਅਤੇ ਅੰਤਰਰਾਸ਼ਟਰੀ ਸਿਆਸਤ ‘ਤੇ ਵੀ ਭਾਸ਼ਣ ਦਿੱਤੇ ਅਤੇ ਲੇਖ ਲਿਖੇ। ਇਤਿਹਾਸਿਕ ਹਵਾਲਿਆਂ ਨਾਲ ਗ਼ੈਰ ਮਾਮੂਲੀ ਪੱਧਰ ਦੇ ਲੇਖ ਲਿਖੇ ਅਤੇ ਭਾਸ਼ਣ ਦਿੱਤੇ। ਅਰਥ ਸ਼ਾਸਤਰ ਅਤੇ ਦੁਨੀਆ ਦੇ ਵੱਖ-ਵੱਖ ਪ੍ਰਬੰਧਾਂ ਸੋਸ਼ਲਿਜ਼ਮ, ਕਮਯੂਨਿਜ਼ਮ ਅਤੇ ਕੈਪਟਲਿਜ਼ਮ ਦਾ ਵੀ ਵਿਸ਼ਲੇਸ਼ਣ ਕੀਤਾ ਅਤੇ ਭਾਸ਼ਣ ਦਿੱਤੇ ਅਤੇ ਬਾਅਦ ਵਿੱਚ ਕਿਤਾਬੀ ਸੂਰਤ ਵਿੱਚ ਵੀ ਛਪ ਗਈ ਅਤੇ ਇਹ ਜਮਾਤ ਦੇ ਲਿਟਰੇਚਰ ਵਿੱਚ ਮੌਜੂਦ ਹੈ। ਇਥੋਂ ਤੱਕ ਕਿ ਫ਼ੌਜੀ ਅਤੇ ਸੈਨਿਕ ਮਾਮਲਿਆਂ ਅਤੇ ਸਾਇੰਸੀ ਅਤੇ ਵਧੇਰੇ ਗਿਆਨੀ ਵਿਸ਼ਿਆਂ ਤੇ ਵੀ ਗਿਆਨ ਦੀਆਂ ਉਹ ਗੱਲਾਂ ਬਿਆਨ ਕੀਤੀਆਂ ਕਿ ਇਨਸਾਨ ਦੀ ਅਕ਼ਲ ਦੰਗ ਰਹਿ ਜਾਂਦੀ ਹੈ।

ਫ਼ਰਮਾਇਆ ਮੈਂ ਕੁੱਝ ਨਮੂਨੇ ਇੱਥੇ ਪੇਸ਼ ਕਰੂੰਗਾ ਜਿਹੜੇ ਸਿਰਫ਼ ਜਾਣ ਪਛਾਣ ਤੱਕ ਹੀ ਸੀਮਿਤ ਹਨ। ਆਪ ਰਜ਼ਿ ਅੱਲਾਹੁ ਅਨਹੁ ਨੇ “ਤੁਰਕੀ ਦਾ ਭਵਿੱਖ ਅਤੇ ਮੁਸਲਮਾਨਾਂ ਦਾ ਫ਼ਰਜ਼” ਦੇ ਨਾਮ ਤੇ ਇੱਕ ਮਸ਼ਵਰਾ ਦਿੱਤਾ ਅਤੇ ਉਸ ‘ਤੇ

ਟਿੱਪਣੀ ਕੀਤੀ, ਇਹ 1919 ਈ: ਯਾਨੀ ਆਪ ਰਜ਼ਿ ਅੱਲਾਹੁ ਅਨਹੁ ਦੀ ਖ਼ਿਲਾਫ਼ਤ ਦੇ ਸ਼ੁਰੂਆਤੀ ਦੌਰ ਦੀ ਗੱਲ ਹੈ। ਇਸ ਦਾ ਪਰਿਚੇ ਇਹ ਹੈ ਕਿ ਕ਼ੌਮ ਦੇ ਭਾਈਚਾਰੇ ਦੇ ਹਰ ਮੌਕ਼ੇ ਦਾ ਪੂਰੀ ਤਰ੍ਹਾਂ ਫ਼ਾਇਦਾ ਉਠਾਉਣ ਲਈ ਹਜ਼ੂਰ ਨੇ ਅਜਿਹੇ ਵੇਲ਼ੇ ਵਿੱਚ ਜਦ ਕਿ ਤੁਰਕੀ ਹਕੂਮਤ ਖ਼ਤਰੇ ਵਿੱਚ ਸੀ, ਅਤਿਅੰਤ ਸੂਝਵਾਨ ਰਹਿਨੁਮਾਈ ਕਰਦੇ ਹੋਏ 18 ਸਤੰਬਰ 1919 ਈ: ਨੂੰ ਇਹ ਕਿਤਾਬ ਲਿਖੀ। ਵੱਖ ਵੱਖ ਖ਼ਿਆਲਾਂ ਦੇ ਮੁਸਲਮਾਨਾਂ ਦੇ ਭਾਈਚਾਰੇ ਅਤੇ ਇਕੱਠ ਦੇ ਲਈ ਆਪ ਰਜ਼ਿ ਅੱਲਾਹੁ ਅਨਹੁ ਨੇ ਇਹ ਰਹਿਨੁਮਾ ਅਸੂਲ ਬਿਆਨ ਫ਼ਰਮਾਇਆ ਕਿ ਇਸ ਜਲਸੇ ਦੀ ਬੁਨਿਆਦ (ਉੱਥੇ ਤੁਰਕੀ ਦੇ ਹੱਕ਼ ਵਿੱਚ ਜਲਸਾ ਹੋਣਾ ਸੀ) ਸਿਰਫ਼ ਇਹ ਹੋਣੀ ਚਾਹੀਦੀ ਹੈ ਕਿ ਇੱਕ ਮੁਸਲਮਾਨ ਕਹਾਉਣ ਵਾਲ਼ੀ ਸਲਤਨਤ ਨੂੰ ਹਟਾ ਦੇਣਾ ਜਾਂ ਰਿਆਸਤਾਂ ਦੀ ਹੈਸੀਅਤ ਦੇਣਾ ਇੱਕ ਅਜਿਹਾ ਕੰਮ ਹੈ ਜਿਸਨੂੰ ਹਰ ਇੱਕ ਫ਼ਿਰਕ਼ਾ ਜਿਹੜਾ ਮੁਸਲਮਾਨ ਕਹਾਉਂਦਾ ਹੈ ਨਾ ਪਸੰਦ ਕਰਦਾ ਹੈ ਅਤੇ ਇਸ ਦਾ ਖ਼ਿਆਲ ਵੀ ਉਸ ਲਈ ਕਠਿਨ ਹੈ। ਤੁਰਕੀ ਦੀ ਬਿਹਤਰੀ ਦੇ ਲਈ ਆਪ ਰਜ਼ਿ ਅੱਲਾਹੁ ਅਨਹੁ ਨੇ ਇੱਕ ਮਸ਼ਵਰਾ ਇਹ ਵੀ ਦਿੱਤਾ ਕਿ ਸਿਰਫ਼ ਜਲਸਿਆਂ ਅਤੇ ਲੈਕਚਰਾਂ ਨਾਲ਼ ਕੰਮ ਨਹੀਂ ਚੱਲ ਸਕਦਾ, ਨਾ ਪੈਸੇ ਜਮ੍ਹਾ ਕਰਕੇ ਇਸ਼ਤਿਹਾਰਾਂ ਅਤੇ ਟਰੈਕਟਰਾਂ ਦੇ ਪ੍ਰਕਾਸ਼ਿਤ ਕਰਨ ਨਾਲ਼ ਸਗੋਂ ਇੱਕ ਬਕ਼ਾਇਦਾ ਜਤਨ ਨਾਲ਼ ਜਿਹੜਾ ਦੁਨੀਆ ਦੇ ਸਾਰੇ ਮੁਲਕਾਂ ਵਿੱਚ ਇਸ ਗੱਲ ਦੇ ਅਨਜਾਮ ਦੇਣ ਦੇ ਲਈ ਕੀਤਾ ਜਾਵੇ।

ਹਜ਼ੂਰ ਅਨਵਰ ਨੇ ਇਸ ‘ਤੇ ਟਿੱਪਣੀ ਕਰਦੇ ਹੋਏ ਫ਼ਰਮਾਇਆ ਕਿ ਇਹੀ ਗੱਲ ਅੱਜ ਵੀ ਮੁਸਲਮਾਨਾਂ ਨੂੰ ਸੋਚਣੀ ਚਾਹੀਦੀ ਹੈ, ਇਹ ਤਾਂ ਸਿਰਫ਼ ਉਸ ਜਮਾਨੇ ਵਿੱਚ ਤੁਰਕੀ ਹਕੂਮਤ ਨਾਲ਼ ਇਸ ਗੱਲ ਦਾ ਸੰਬੰਧ ਸੀ, ਅੱਜ ਪਹਿਲਾਂ ਤੋਂ ਵਧ ਕੇ ਮੁਸਲਮਾਨ ਦੁਨੀਆ ਅਤੇ ਅਰਬ ਦੁਨੀਆ ਨੂੰ ਇਸ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਸਿਰਫ਼ ਨਾਅਰੇ ਲਾਉਣ, ਮੀਟਿੰਗਾਂ ਕਰਨ ਨਾਲ਼ ਕੰਮ ਨਹੀਂ ਬਣੇਗਾ ਬਲਕਿ ਅਮਲੀ ਕ਼ਦਮ ਚੁੱਕਣੇ ਪੈਣਗੇ। ਤੁਰਕਾਂ ਜਾਂ ਇਸਲਾਮ ਦੇ ਖ਼ਿਲਾਫ਼ ਦੁਸ਼ਮਣੀ ਦੀ ਵਜ੍ਹਾ ਬਿਆਨ ਕਰਦੇ ਹੋਏ ਇਸ ਸੂਰਤਿ ਹਾਲ ਦੀ ਤਬਦੀਲੀ ਦੇ ਲਈ ਆਪ ਰਜ਼ਿ ਅੱਲਾਹੁ ਅਨਹੁ ਨੇ ਇਹ ਰਹਿਨੁਮਾਈ ਫ਼ਰਮਾਈ ਕਿ ਮੁਸਲਮਾਨ ਆਪਣੀ ਗ਼ਲਤੀ ਤੋਂ ਤੌਬਾ ਕਰਨ ਅਤੇ ਖ਼ੁਦਾ ਤਆਲਾ ਦੇ ਵੱਲ ਆ ਜਾਣ ਅਤੇ ਆਪ ਇਸਲਾਮ ਨੂੰ ਸਮਝਣ ਅਤੇ ਉਸਦੀ ਹਕ਼ੀਕ਼ਤ ਤੋਂ ਅਗਾਹ ਹੋਣ ਅਤੇ ਦੂਸਰਿਆਂ ਨੂੰ ਅਗਾਹ ਕਰਨ ਤਾਂ ਜੋ ਉਹ ਉਸ ਗ਼ਰੀਬੀ ਤੋਂ ਜਿਹੜੀ ਇਸ ਵੇਲ਼ੇ ਮੁਸਲਮਾਨਾਂ ਤੇ ਆ ਰਹੀ ਹੈ, ਉਹ ਦੂਰ ਹੋਵੇ। ਬੱਸ ਇਹੀ ਅਸੂਲ ਅੱਜ ਵੀ ਮੁਸਲਮਾਨਾਂ ਨੂੰ ਅਪਨਾਉਣ ਦੀ ਲੋੜ ਹੈ ਨਹੀਂ ਤਾਂ ਇਸਲਾਮ ਵਿਰੋਧੀ ਦੁਨੀਆ ਮੁਸਲਮਾਨ ਮੁਲਕਾਂ ਦੇ ਆਲ਼ੇ ਦੁਆਲ਼ੇ ਘੇਰਾ ਤੰਗ ਕਰਦੀ ਚਲੀ ਜਾਵੇਗੀ ਅਤੇ ਕਰ ਰਹੀ ਹੈ।

ਫਿਰ ਇੱਕ ਮੌਕ਼ਾ “ਆਲ ਪਾਰਟੀ ਕਾਨਫ਼ਰੰਸ” ਦਾ ਪੈਦਾ ਹੋਇਆ ਇਸ ‘ਤੇ ਆਪ ਰਜ਼ਿ ਅੱਲਾਹੁ ਅਨਹੁ ਨੇ “ਆਲ ਪਾਰਟੀ ਕਾਨਫ਼ਰੰਸ ਦੇ ਪ੍ਰੋਗਰਾਮ ‘ਤੇ ਇੱਕ ਨਜ਼ਰ” ਦੇ ਸਿਰਲੇਖ ਹੇਠ ਹਿਦਾਇਤਾਂ ਦਿੱਤੀਆਂ। ਇਹ ਪੰਫ਼ਲੈੱਟ ਹਜ਼ੂਰ ਰਜ਼ਿ ਅੱਲਾਹੁ ਅਨਹੁ ਨੇ 13 ਜੁਲਾਈ 1925 ਈ: ਨੂੰ ਲਿਖਿਆ। ਇਸ ਪੰਫ਼ਲੈੱਟ ਵਿੱਚ ਪਹਿਲਾਂ ਹਜ਼ੂਰ ਰਜ਼ਿ ਅੱਲਾਹੁ ਅਨਹੁ ਨੇ ਇਸਲਾਮ ਦੀ ਧਾਰਮਿਕ ਅਤੇ ਸਿਆਸੀ ਵਿਆਖਿਆ ਕੀਤੀ ਅਤੇ ਸਾਰੇ ਮੁਸਲਮਾਨ ਫ਼ਿਰਕ਼ਿਆਂ ਦੇ ਸਾਹਮਣੇ ਇਹ ਸੁਨਹਿਰੀ ਅਸੂਲ ਪੇਸ਼ ਕੀਤਾ ਕਿ ਸਿਆਸੀ ਮਾਮਲਿਆਂ ਵਿੱਚ ਮੁਸਲਮਾਨ ਪੂਰਨ ਭਾਈਚਾਰੇ ਅਤੇ ਸਹਿਮਤੀ ਦਾ ਮੁਜ਼ਾਹਿਰਾ ਕਰਨ, ਕਿਉਂਕਿ ਸਿਆਸੀ ਲਿਹਾਜ਼ ਨਾਲ਼ ਜੇਕਰ ਤੁਸੀਂ ਕਿਸੇ ਕ਼ੌਮ ਨੂੰ ਵੱਖ ਕਰ ਦੇਵੋਗੇ ਤਾਂ ਇਹ ਕਿੰਝ ਮੁਮਕਿਨ ਹੈ ਕਿ ਉਹ ਦੂਸਰੀ ਕ਼ੌਮਾਂ ਦੇ ਵੱਲ ਨਾ ਪਰਤੇ। ਇਸ ਦੇ ਬਾਅਦ ਇਸਲਾਮ ਦੀ ਤਰੱਕ਼ੀ ਅਤੇ ਰਿਵਾਜ ਅਤੇ ਉਸਦੀ ਸਿਆਸੀ ਮਜ਼ਬੂਤੀ ਦੇ ਲਈ ਕੁੱਝ ਸੁਝਾਅ ਦਿੱਤੇ। ਆਪ ਰਜ਼ਿ ਅੱਲਾਹੁ ਅਨਹੁ ਨੇ ਫ਼ਰਮਾਇਆ ਕਿ ਅਮਨ ਕ਼ਾਇਮ ਕਰਨ ਦੇ ਲਈ ਇੱਕ ਦੂਸਰੇ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਨਾ ਦਿੱਤਾ ਜਾਵੇ, ਬੁਲੰਦ ਹੌਂਸਲੇ ਦੇ ਨਾਲ਼ ਦੂਸਰਿਆਂ ਦੀ ਧਾਰਨਾ ਦੇ ਮੁਤਾਬਿਕ਼ ਕੰਮ ਕਰਨ ਦੇਣ ਅਤੇ ਆਪ ਆਪਣੀ ਧਾਰਨਾ ਦੇ ਮੁਤਾਬਿਕ਼ ਕੰਮ ਕਰਨ।

ਹਜ਼ੂਰ ਨੇ ਕਿੱਤੇ ਅਤੇ ਕਾਰੀਗਰੀ ਦੇ ਬਾਰੇ ਫ਼ਰਮਾਇਆ ਕਿ ਕਿੱਤਾ ਇੱਕ ਅਜਿਹਾ ਖੇਤਰ ਹੈ ਕਿ ਜਿਸ ਬਾਰੇ ਮੁਸਲਮਾਨਾਂ ਨੇ ਸਭ ਤੋਂ ਜ਼ਿਆਦਾ ਅਣਗਿਹਲੀ ਵਰਤੀ ਹੈ ਅਤੇ ਕਿੱਤੇ ਦੇ ਲਿਹਾਜ਼ ਨਾਲ਼ ਉਹ ਹਿੰਦੂਆਂ ਦੇ ਗ਼ੁਲਾਮ ਬਣ ਕੇ ਰਹਿ ਗਏ ਹਨ। (ਉਸ ਵੇਲ਼ੇ ਇਹੀ ਹਾਲਾਤ ਸਨ, ਅੱਜ ਕੱਲ ਇਸ ਮਾਮਲੇ ਵਿੱਚ ਦੁਨੀਆ ਦੀਆਂ ਹਕੂਮਤਾਂ ਅਤੇ ਬਿਜ਼ਨਸਮੈਨਾਂ ਦੇ ਗ਼ੁਲਾਮ ਅਸੀਂ ਬਣ ਗਏ ਹਾਂ। ਸੋ ਇਸ ਵੱਲ ਮੁਸਲਮਾਨ ਹਕੂਮਤਾਂ ਨੂੰ ਧਿਆਨ ਦੇਣ ਦੀ ਲੋੜ ਹੈ।)

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਕੁੱਝ ਮੁਸਲਮਾਨ ਮੁਲਕਾਂ ਵਿੱਚ ਖ਼ਾਸ ਤੌਰ ‘ਤੇ ਅਹਿਮਦੀਆਂ ਦੇ ਲਈ ਇਹ ਸੋਚ ਹੈ ਕਿ ਉਹ ਕਾਫ਼ਿਰ ਹਨ, ਉਂਝ ਤਾਂ ਹਰ ਫ਼ਿਰਕ਼ਾ ਦੂਸਰੇ ਫ਼ਿਰਕ਼ੇ ਨੂੰ ਕਾਫ਼ਿਰ ਕਹਿੰਦਾ ਹੈ ਅਤੇ ਗ਼ੈਰ ਮੁਸਲਿਮ ਦੁਨੀਆ

ਵਿੱਚ ਇਸੇ ਕਾਰਨ ਗ਼ਲਤ ਅਸਰ ਪੈਦਾ ਹੋ ਰਿਹਾ ਹੈ ਅਤੇ ਇਹ ਗੱਲ ਮੁਸਲਮਾਨਾਂ ਨੂੰ ਨੁਕਸਾਨ ਪਹੁੰਚਾ ਰਹੀ ਹੈ। ਸੋ ਇਸ ਨੁਕਤੇ ਨੂੰ ਅੱਜ ਵੀ ਮੁਸਲਮਾਨ ਹਕੂਮਤਾਂ ਅਤੇ ਮੁਸਲਮਾਨਾਂ ਨੂੰ ਸਮਝਣ ਦੀ ਲੋੜ ਹੈ।

ਹਿੰਦੁਸਤਾਨ, ਪਾਕ ਅਤੇ ਹਿੰਦ ਦੇ ਉਸ ਵੇਲੇ ਦੇ ਹਾਲਾਤ ਦੇ ਬਾਰੇ ਇੱਕ "ਗੋਲ ਮੇਜ਼ ਕਾਨਫ਼ਰੰਸ" ਹੋਈ ਸੀ ਅਤੇ ਮੁਸਲਮਾਨਾਂ ਦੀ ਇਸ ਵਿੱਚ ਨੁਮਾਇੰਦਗੀ ਦਾ ਸਵਾਲ ਉੱਠਿਆ ਸੀ, ਹਜ਼ੂਰ ਨੇ ਇਸ ਮੌਕੇ 'ਤੇ ਗੌਰਮੈਂਟ ਨੂੰ ਵੀ ਮਸ਼ਵਰਾ ਦਿੱਤਾ ਕਿ ਉਹ ਸਿਆਸੀ ਜਮਾਤਾਂ ਦੇ ਮਸ਼ਵਰੇ ਨਾਲ ਨੁਮਾਇੰਦਿਆਂ ਨੂੰ ਚੁਣਨ ਤਾਂ ਜੋ ਕਾਨਫ਼ਰੰਸ ਦੇ ਫ਼ੈਸਲਿਆਂ ਨੂੰ ਲੋਕ ਖ਼ੁਸ਼ਦਿਲੀ ਨਾਲ ਕ਼ਬੂਲ ਕਰ ਲੈਣ। ਫਿਰ ਹਿੰਦੁਸਤਾਨ ਦੇ ਉਸ ਵੇਲੇ ਦੇ ਸਿਆਸੀ ਹਾਲਾਤਾਂ ਦੇ ਹੱਲ ਦੇ ਬਾਰੇ ਵੀ ਆਪ ਰਜ਼ਿ ਅੱਲਾਹੁ ਅਨਹੁ ਨੇ ਇੱਕ ਲੇਖ ਲਿਖਿਆ। ਹਜ਼ੂਰ ਰਜ਼ਿ ਅੱਲਾਹੁ ਅਨਹੁ ਨੇ ਆਪਣੀ ਟਿੱਪਣੀ ਵਿੱਚ ਮੁਸਲਮਾਨਾਂ ਦੇ ਹੱਕ਼ਾਂ ਅਤੇ ਮੰਗਾਂ ਤੇ ਚੰਗੀ ਤਰ੍ਹਾਂ ਬਹਿਸ ਕੀਤੀ ਅਤੇ ਉਸਦੇ ਉਚਿਤ ਹੋਣ ਨੂੰ ਉਜਾਗਰ ਕੀਤਾ, ਇਸਦੇ ਨਾਲ ਹੀ ਆਪ ਰਜ਼ਿ ਅੱਲਾਹੁ ਅਨਹੁ ਨੇ ਹਿੰਦੁਸਤਾਨ ਦੇ ਸਿਆਸੀ ਮਸਲਿਆਂ ਦਾ ਨਿਹਾਇਤ ਅਕ਼ਲਮੰਦਾਨਾ ਅਤੇ ਤਸੱਲੀ ਬਖ਼ਸ਼ ਹੱਲ ਪੇਸ਼ ਕੀਤਾ। ਇਸ ਦਾ ਅੰਗਰੇਜ਼ੀ ਐਡੀਸ਼ਨ ਪ੍ਰਕਾਸ਼ਿਤ ਕਰਵਾਉਣ ਦੇ ਲਈ ਫ਼ੌਰਨ ਭਿਜਵਾ ਦਿੱਤਾ ਗਿਆ ਤਾਂ ਜੋ "ਗੋਲ ਮੇਜ਼ ਕਾਨਫ਼ਰੰਸ" ਵਿੱਚ ਸ਼ਾਮਿਲ ਹੋਣ ਵਾਲੇ ਉਸਨੂੰ ਪੜ੍ਹ ਕੇ ਫ਼ਾਇਦਾ ਚੁੱਕ ਸਕਣ। ਮੁਸਲਮਾਨ ਨੁਮਾਇੰਦਿਆਂ ਨੂੰ ਖ਼ਾਸ ਤੌਰ 'ਤੇ ਇਸ ਤੋਂ ਫ਼ਾਇਦਾ ਪਹੁੰਚਿਆ। ਹਜ਼ੂਰ ਰਜ਼ਿ ਅੱਲਾਹੁ ਅਨਹੁ ਦੀ ਇਹ ਕਿਤਾਬ ਹਿੰਦੁਸਤਾਨ ਇੰਗਲੈਂਡ ਦੋਹਾਂ ਥਾਵਾਂ 'ਤੇ ਬਹੁਤ ਮਕ਼ਬੂਲ ਹੋਈ ਅਤੇ ਉਸਨੂੰ ਬੜੀ ਤਵੱਜੋ ਅਤੇ ਦਿਲਚਸਬੀ ਨਾਲ ਪੜ੍ਹਿਆ ਗਿਆ ਅਤੇ ਕਈ ਸੂਝਵਾਨ ਸਿਆਸਤਦਾਨਾਂ ਅਤੇ ਪੱਤਰਕਾਰਾਂ ਨੇ ਸ਼ਾਨਦਾਰ ਸ਼ਬਦਾਂ ਵਿੱਚ ਹਜ਼ੂਰ ਰਜ਼ਿ ਅੱਲਾਹੁ ਅਨਹੁ ਨੂੰ ਸ਼ਰਧਾਂਜਲੀ ਦਿੱਤੀ।

ਇਸ ਦੇ ਬਾਅਦ ਹਜ਼ੂਰ ਅਨਵਰ ਨੇ ਤਾਰੀਖ਼ਿ ਅਹਿਮਦਿੱਯਾ ਦੇ ਵਿੱਚ ਦਰਜ ਵਾਕ਼ਿਆਤ ਵਿੱਚੋਂ ਜਿਹੜੇ ਇਸ ਟਿੱਪਣੀ ਦੇ ਬਾਰੇ ਸਨ, ਕੁੱਝ ਬਤੌਰ ਨਮੂਨੇ ਦੇ ਪੇਸ਼ ਕੀਤੇ। ਸਰ ਅਬਦੁੱਲਾਹ ਹਾਰੂਨ ਐਮ.ਐਲ.ਏ ਕਰਾਚੀ ਕਹਿੰਦੇ ਹਨ ਕਿ ਮੇਰੀ ਰਾਏ ਵਿੱਚ ਸਿਆਸਤ ਦੇ ਖੇਤਰ ਵਿੱਚ ਜਿੰਨੀਆਂ ਕਿਤਾਬਾਂ ਹਿੰਦੁਸਤਾਨ ਵਿੱਚ ਲਿਖੀਆਂ ਗਈਆਂ ਹਨ ਉਹਨਾਂ ਵਿੱਚੋਂ ਕਿਤਾਬ "ਹਿੰਦੁਸਤਾਨ ਦੇ ਸਿਆਸੀ ਮਸਲਿਆਂ ਦਾ ਹੱਲ" ਬਿਹਤਰੀਨ ਹੈ।

ਫਿਰ ਦੁਨੀਆ ਦੀ ਮੌਜੂਦਾ ਬੇਚੈਨੀ ਦਾ ਇਸਲਾਮ ਕੀ ਹੱਲ ਪੇਸ਼ ਕਰਦਾ ਹੈ, ਇਸ ਬਾਰੇ ਵੀ ਆਪ ਰਜ਼ਿ ਅੱਲਾਹੁ ਅਨਹੁ ਨੇ ਲਿਖਿਆ, ਆਪ ਰਜ਼ਿ ਅੱਲਾਹੁ ਅਨਹੁ ਨੇ ਅੰਤਰਰਾਸ਼ਟਰੀ ਅਮਨ ਨੂੰ ਮੱਦਿ ਨਜ਼ਰ ਰੱਖਦੇ ਹੋਏ ਇਹ ਭਾਸ਼ਣ 9 ਅਕਤੂਬਰ 1945 ਈ: ਨੂੰ ਦਿੱਲੀ ਵਿੱਚ ਦਿੱਤਾ।

ਦਸਤੂਰਿ ਇਸਲਾਮੀ ਜਾਂ ਇਸਲਾਮੀ ਕ਼ਾਨੂੰਨ ਇਸ ਬਾਰੇ ਵੀ ਆਪ ਰਜ਼ਿ ਅੱਲਾਹੁ ਅਨਹੁ ਨੇ ਆਪਣੇ ਖ਼ਿਆਲਾਂ ਦਾ ਇਜ਼ਹਾਰ ਕੀਤਾ। ਇਹ ਲੈਕਚਰ ਆਮ ਲੋਕਾਂ ਦੇ ਫ਼ਾਇਦੇ ਦੇ ਲਈ 18 ਫਰਵਰੀ 1945 ਈ: ਨੂੰ ਇੱਕ ਪੰਫ਼ਲੈਟ ਦੀ ਸੂਰਤ ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਇਸ ਭਾਸ਼ਣ ਵਿੱਚ ਆਪ ਰਜ਼ਿ ਅੱਲਾਹੁ ਅਨਹੁ ਨੇ ਦਸਤੂਰਿ ਇਸਲਾਮੀ ਦੀ ਵਿਆਖਿਆ ਕਰਦੇ ਹੋਏ ਇਸ ਪਹਿਲੂ 'ਤੇ ਚਾਨਣ ਪਾਇਆ ਕਿ ਭਾਵੇਂ ਹਕੂਮਤੀ ਕਾਨੂੰਨ ਪੂਰੇ ਤੌਰ 'ਤੇ ਇਸਲਾਮੀ ਨਹੀਂ ਹੋਵੇਗਾ ਕਿਉਂਕਿ ਉਹ ਹੋ ਹੀ ਨਹੀਂ ਸਕਦਾ ਪਰ ਹਕੂਮਤ ਦਾ ਕੰਮ ਕਰਨ ਦਾ ਤਰੀਕ਼ਾ ਇਸਲਾਮੀ ਹੋ ਜਾਵੇਗਾ ਅਤੇ ਮੁਸਲਮਾਨਾਂ ਦੇ ਬਾਰੇ ਇਸ ਦਾ ਕ਼ਾਨੂੰਨ ਵੀ ਇਸਲਾਮੀ ਹੋ ਜਾਵੇਗਾ ਅਤੇ ਇਸੇ ਦੀ ਮੰਗ ਇਸਲਾਮ ਕਰਦਾ ਹੈ। ਇਸਲਾਮ ਹਰਗਿਜ਼ ਇਹ ਨਹੀਂ ਕਹਿੰਦਾ ਕਿ ਹਿੰਦੂ ਅਤੇ ਇਸਾਈ ਅਤੇ ਯਹੂਦੀ ਕੋਲੋਂ ਵੀ ਇਸਲਾਮ 'ਤੇ ਅਮਲ ਕਰਵਾਇਆ ਜਾਵੇ ਬਲਕਿ ਉਹ ਬਿਲਕੁਲ ਉਸ ਦੇ ਖ਼ਿਲਾਫ਼ ਹੈ।

ਫਿਰ ਹਜ਼ੂਰ ਰਜ਼ਿ ਅੱਲਾਹੁ ਅਨਹੁ ਨੇ ਰੂਸ ਅਤੇ ਮੌਜੂਦਾ ਜੰਗ ਦੇ ਹਵਾਲੇ ਨਾਲ ਦੂਸਰੇ ਵਿਸ਼ਵ ਯੁੱਧ ਵਿੱਚ ਰੂਸ ਦਾ ਪੋਲੈਂਡ ਵਿੱਚ ਦਾਖ਼ਿਲ ਹੋਣਾ, ਉਸ ਦੇ ਉੱਪਰ ਟਿੱਪਣੀ ਹੈ। ਦੂਸਰੇ ਵਿਸ਼ਵ ਯੁੱਧ ਦੇ ਦੌਰਾਨ ਜਦ ਰੂਸ ਪੋਲੈਂਡ ਵਿੱਚ ਦਾਖ਼ਿਲ ਹੋਇਆ ਤਾਂ ਉਸ ਵੇਲੇ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਇਹ ਲੇਖ ਲਿਖਿਆ। ਹਜ਼ੂਰ ਰਜ਼ਿ ਅੱਲਾਹੁ ਅਨਹੁ ਨੇ ਇਸ ਲੇਖ ਵਿੱਚ ਰੂਸ ਦੇ ਪੋਲੈਂਡ ਵਿੱਚ ਦਾਖ਼ਲੇ ਦੇ ਕਾਰਨ ਅਤੇ ਮਕ਼ਸਦ 'ਤੇ ਟਿੱਪਣੀ ਕੀਤੀ। ਅੰਤਰਰਾਸ਼ਟਰੀ ਹਾਲਾਤਾਂ 'ਤੇ ਵੀ ਆਪ ਰਜ਼ਿ ਅੱਲਾਹੁ ਅਨਹੁ ਦੀ ਗਹਿਰੀ ਨਜ਼ਰ ਸੀ। ਇਸ ਸਿਲਸਿਲੇ ਵਿੱਚ ਆਪ ਰਜ਼ਿ ਅੱਲਾਹੁ ਅਨਹੁ ਦੇ ਹੋਰ ਵੀ ਲੇਖ ਹਨ। ਦੀਨੀ ਲਿਟਰੇਚਰ ਤਫ਼ਸੀਰਾਂ ਗ਼ੈਰ ਮਾਮੂਲੀ ਤਾਅਦਾਦ ਵਿੱਚ ਹਨ। ਜੁੰਮੇ ਦੇ ਖ਼ੁਤਬੇ ਅਤੇ ਜਮਾਤੀ ਜਲਸਿਆਂ ਅਤੇ ਮੌਕ਼ਿਆਂ 'ਤੇ ਭਾਸ਼ਣ ਤਾਂ ਇਲਮ ਅਤੇ ਇਰਫ਼ਾਨ ਦਾ ਇੱਕ ਖ਼ਜ਼ਾਨਾ ਹੈ।

ਬੱਸ ਅੱਲਾਹ ਤਆਲਾ ਨੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨਾਲ਼ ਭਵਿੱਖ ਬਾਣੀ ਵਿੱਚ ਜੋ ਵਾਅਦਾ ਕੀਤਾ ਸੀ ਉਸਨੂੰ ਹਰ ਪਹਿਲੂ ਨਾਲ਼ ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਿਮੂਦ ਅਹਿਮਦ ਰਜ਼ਿ ਅੱਲਾਹੁ ਅਨਹੁ ਵਿੱਚ ਪੂਰਾ ਹੁੰਦੇ ਦਿਖਾਇਆ। ਕੁੱਝ ਮਿਸਾਲਾਂ ਮੈਂ ਆਪ ਦੇ ਸਾਹਮਣੇ ਪੇਸ਼ ਕੀਤੀਆਂ ਹਨ। ਆਪ ਰਜ਼ਿ ਅੱਲਾਹੁ ਅਨਹੁ ਦੇ ਇਲਮ ਅਤੇ ਇਰਫ਼ਾਨ ਦੇ ਇਸ ਲਿਟਰੇਚਰ ਨੂੰ ਸਾਨੂੰ ਪੜ੍ਹਨ ਦੀ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਨ ਜਿਹੜੀਆਂ ਅੱਜ ਕੱਲ ਦੇ ਹਾਲਾਤਾਂ ਦੇ ਮੁਤਾਬਿਕ਼ ਹਨ ਅਤੇ ਉਸ ਤੋਂ ਫ਼ਾਇਦਾ ਚੁੱਕ ਸਕਦੇ ਹਾਂ। ਅੱਲਾਹ ਤਆਲਾ ਇਸਦੀ ਤੌਫ਼ੀਕ਼ ਦੇਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞